# ਜਮਾਤ-11ਵੀਂ
# ਪੰਜਾਬੀ ਲਾਜ਼ਮੀ

ਸਮਾਂ: 3 ਘੰਟੇ

ਲਿਖਤੀ= 80 ਅੰਕ
ਆਂਤਰਿਕ ਮੁਲਾਂਕਣ= 20 ਅੰਕ
ਕੁੱਲ ਅੰਕ= 100 ਅੰਕ

| ਲੜੀ ਨੰ: | ਪਾਠ-ਕ੍ਰਮ | ਅੰਕ |
|---|---|---|
| 1. | **ਸੁੰਦਰ ਲਿਖਾਈ** | 05 |
| 1. | ਪੰਜਾਬੀ ਲੋਕ ਸਾਹਿਤ:- ਲੋਕ-ਗੀਤ ਅਤੇ ਲੋਕ-ਕਥਾਵਾਂ | 27 |
| 2. | ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ:- ਤਕਨੀਕੀ ਸ਼ਬਦਾਵਲੀ:-ਬੈਂਕ, ਰੇਲਵੇ, ਡਾਕ, ਕੰਪਿਊਟਰ ਤੇ ਬੀਮਾ ਸੇਵਾਵਾਂ ਨਾਲ ਸੰਬੰਧਿਤ ਵਾਕਾਂ ਵਿੱਚ ਵਰਤੋਂ | 18 |
| 3. | **ਪੰਜਾਬੀ ਭਾਸ਼ਾ ਲਿਖਣ ਦਾ ਹੁਨਰ:- ਅਖ਼ਬਾਰ ਦੇ ਸੰਪਾਦਕ ਨੂੰ ਪੱਤਰ, ਇਸ਼ਤਿਹਾਰ, ਸੱਦਾ ਪੱਤਰ ਅਤੇ ਪੈਰਾ-ਰਚਨਾ** | 18 |
| 4. | ਮੁਹਾਵਰੇ | 12 |
| | ਕੁੱਲ ਅੰਕ | 80 |

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ

ਕੁੱਲ ਅੰਕ (ਲਿਖਤੀ)=80

ਨੋਟ:

(1) 05 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।ਇਹ ਅੰਕ ਇਸ ਪ੍ਰਸ਼ਨ-ਪੱਤਰ ਦੇ ਕੁੱਲ ਅੰਕਾਂ-80 ਵਿੱਚ ਹੀ ਰਾਖਵੇਂ ਹਨ।ਸੁੰਦਰ ਲਿਖਾਈ ਵਿੱਚ ਅੱਖਰਾਂ ਤੇ ਸ਼ਬਦਾਂ ਦਾ ਸਹੀ ਆਕਾਰ, ਸਪਸ਼ਟਤਾ, ਨਿਸ਼ਚਿਤ ਦੂਰੀ,ਲਿਖਣ 'ਚ ਇਕਸਾਰਤਾ,ਪ੍ਰਵਾਹਯੁਕਤ ਲੇਖਨ, ਸ਼ਬਦ-ਜੋੜ ਸ਼ੁੱਧਤਾ, ਸੁੰਦਰ ਸ਼ਬਦ-ਬਣਤਰ,ਵਿਸਰਾਮ-ਚਿੰਨ੍ਹਾਂ ਦੀ ਸਹੀ ਵਰਤੋਂ ਅਤੇ ਲਿਖਾਈ ਦੇ ਸਮੁੱਚੇ ਖ਼ੂਬਸੂਰਤ ਪ੍ਰਭਾਵ ਦੇ ਆਧਾਰ 'ਤੇ ਪਰੀਖਿਅਕ ਸੰਬੰਧਿਤ ਪਰੀਖਿਆਰਥੀ ਦੀ ਲਿਖਾਈ ਦਾ ਮੁਲਾਂਕਣ ਕਰੇਗਾ।

(2) ਪ੍ਰਸ਼ਨ-ਪੱਤਰ ਦੇ ਕੁੱਲ 09 ਪ੍ਰਸ਼ਨ ਹੋਣਗੇ।

(3) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

## ਵਿਸ਼ੇਸ਼ ਹਿਦਾਇਤਾਂ

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਿਦਾਇਤਾਂ

**ਪ੍ਰਸ਼ਨ ਨੰ: 1 ਸਮੁੱਚੇ ਪਾਠ-ਕ੍ਰਮ ਦੇ ਅਧਾਰ ਤੇ ਸੰਖੇਪ ਉੱਤਰਾਂ ਵਾਲੇ ਦੱਸ ਪ੍ਰਸ਼ਨ ਪੁੱਛੇ ਜਾਣਗੇ ਹਰੇਕ ਪ੍ਰਸ਼ਨ ਦਾ1 ਅੰਕ ਹੋਵੇਗਾ। ਅੰਕਾਂ ਦੀ ਵੰਡ ਹੇਠ ਲਿਖੇ ਅਨੁਸਾਰ ਹੋਵੇਗੀ :**

**(ੳ) ਪੰਜਾਬੀ ਲੋਕ-ਸਾਹਿਤ: (ਬਹੁ-ਚੋਣ, ਠੀਕ/ਗਲਤ, ਖ਼ਾਲੀ ਥਾਂਵਾਂ ਜਾਂ ਇੱਕ ਦੋ ਸ਼ਬਦਾਂ ਦੇ ਉੱਤਰ ਵਾਲੇ ਪ੍ਰਸ਼ਨ) । 2 ਅੰਕ**

**(ਅ) ਲੋਕ-ਗੀਤ : ਦੋ ਪ੍ਰਸ਼ਨ – ਦੋਵੇਂ ਪ੍ਰਸ਼ਨ ਨਿਰਧਾਰਿਤ ਪਾਠ-ਸਮਗਰੀ ਦੇ ਆਧਾਰ 'ਤੇ ਪੁੱਛੇ ਜਾਣਗੇ। 2 ਅੰਕ**

**(ੲ) ਲੋਕ ਕਥਾਵਾਂ : ਦੋ ਪ੍ਰਸ਼ਨ ਪਾਤਰਾਂ ਸੰਬੰਧੀ ਪੁੱਛੇ ਜਾਣਗੇ। 2 ਅੰਕ**

**(ਸ) ਅੰਗਰੇਜ਼ੀ ਤੋਂ ਪੰਜਾਬੀ ਅਨੁਵਾਦ : (ਸਿੱਧਾ ਅਰਥ ਪੁੱਛਣਾ, ਬਹੁ-ਚੋਣ, ਮਿਲਾਨ ਕਰਨਾ) ਤਕਨੀਕੀ ਸ਼ਬਦਾਵਲੀ 'ਤੇ ਆਧਾਰਿਤ ਪਾਠ ਅਤੇ ਪਾਠ ਅਭਿਆਸ ਵਿੱਚੋ 2 ਪ੍ਰਸ਼ਨ ਪੁੱਛੇ ਜਾਣਗੇ। ਹਰ ਪ੍ਰਸ਼ਨ ਦਾ ਇੱਕ ਅੰਕ ਹੋਵੇਗਾ। 2 ਅੰਕ**

**(ਹ) ਮੁਹਾਵਰੇ:- 1 ਅੰਕ ਵਰਤੋਂ ਸਥਿਤੀ ਦੱਸ ਕੇ ਢੁਕਵਾਂ ਮੁਹਾਵਰਾ ਲਿਖਣ,1 ਅੰਕ ਮੁਹਾਵਰੇ ਦੇ ਅਰਥ ਨਾਲ ਸੰਬੰਧਿਤ ਬਹੁ-ਚੋਣੀ ਪ੍ਰਸ਼ਨ 'ਚੋਂ ਠੀਕ ਅਰਥ ਲਿਖਣ ਦਾ ਹੋਵੇਗਾ। 2 ਅੰਕ**

**10x1=10 ਅੰਕ**

Scanned by CamScanner

ਪ੍ਰਸ਼ਨ ਨੰ: 2 ਪੰਜਾਬੀ ਪਾਠ-ਪੁਸਤਕ ਵਿੱਚ ਲੋਕ-ਗੀਤਾਂ ਬਾਰੇ ਦਿੱਤੇ ਪਾਠ-ਅਭਿਆਸਾਂ ਦੇ ਪ੍ਰਸ਼ਨਾਂ ਵਿੱਚੋਂ ਕੋਈ 4 ਪ੍ਰਸ਼ਨ ਦੇ ਕੇ 3 ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 5+5=10 ਅੰਕ

**ਪ੍ਰਸ਼ਨ ਨੰ. 3 ਪੰਜਾਬੀ ਪਾਠ-ਪੁਸਤਕ ਵਿੱਚ ਲੋਕ-ਗੀਤਾਂ 'ਚੋਂ ਕੋਈ ਇੱਕ ਕਾਵਿ-ਅੰਸ਼ ਦੇ ਕੇ ਉਸਦੇ 4 ਅਤਿ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ ਪੁੱਛੇ ਜਾਣਗੇ। 1*4=4 ਅੰਕ**

ਪ੍ਰਸ਼ਨ ਨੰ: 4 ਪੰਜਾਬੀ ਪਾਠ-ਪੁਸਤਕ ਵਿੱਚ ਦਿੱਤੀਆਂ ਵੱਖ-ਵੱਖ ਵੰਨਗੀਆਂ ਦੀਆਂ ਲੋਕ-ਕਥਾਵਾਂ ਵਿੱਚੋਂ ਦੋ ਦੇ ਨਾਂ ਦੇ ਕੇ ਕਿਸੇ ਇੱਕ ਕਥਾ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖਣ ਲਈ ਕਿਹਾ ਜਾਵੇਗਾ। 7 ਅੰਕ

ਪ੍ਰਸ਼ਨ ਨੰ: 5 . (ੳ) ਪਾਠ-ਪੁਸਤਕ ਵਿੱਚ ਦਿੱਤੀ ਗਈ ਤਕਨੀਕੀ ਸ਼ਬਦਾਵਲੀ ਵਿੱਚੋਂ ਦਸ ਸ਼ਬਦ ਦੇ ਕੇ ਕਿਸੇ ਛੇ ਦੇ ਅਰਥ ਲਿਖਣ ਲਈ ਕਿਹਾ ਜਾਵੇਗਾ। 6x1=6 ਅੰਕ

(ਅ) ਪਾਠ ਪੁਸਤਕ ਦਿੱਤੇ ਗਏ ਬੈਂਕ, ਰੇਲਵੇ, ਡਾਕ ਅਤੇ ਬੀਮਾ ਸੇਵਾਵਾਂ ਅਤੇ ਕੰਪਿਊਟਰ ਨਾਲ਼ ਸੰਬੰਧਿਤ ਅੱਠ ਵਾਕ ਦੇ ਕੇ ਕੋਈ ਪੰਜ ਵਾਕਾਂ ਦਾ ਪੰਜਾਬੀ ਅਨੁਵਾਦ ਲਿਖਣ ਲਈ ਕਿਹਾ ਜਾਵੇਗਾ। 5 x 2=10 ਅੰਕ

ਪ੍ਰਸ਼ਨ ਨੰ: 6 ਕਿਸੇ ਮਸਲੇ/ਘਟਨਾ ਸੰਬੰਧੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖਣ ਲਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਬਾਰੇ ਲਿਖਣ ਲਈ ਕਿਹਾ ਜਾਵੇਗਾ। 2+3+2=7 ਅੰਕ

ਪ੍ਰਸ਼ਨ ਨੰ: 7 ਪੰਜਾਬੀ ਪਾਠ-ਪੁਸਤਕ ਵਿੱਚ ਦਿੱਤੀਆਂ ਵੰਨਗੀਆਂ ਅਨੁਸਾਰ ਇੱਕ ਇਸ਼ਤਿਹਾਰ ਜਾਂ ਸੱਦਾ-ਪੱਤਰ ਲਿਖਣ ਲਈ ਕਿਹਾ ਜਾਵੇਗਾ । 5 ਅੰਕ

ਪ੍ਰਸ਼ਨ ਨੰ: 8 ਕੋਈ ਤਿੰਨ ਵਿਸ਼ੇ ਦੇ ਕੇ ਕਿਸੇ ਇੱਕ ਵਿਸ਼ੇ ਬਾਰੇ ਲਗ-ਪਗ 15 ਸ਼ਬਦਾਂ ਦੀ ਪੈਰਾ-ਰਚਨਾ ਕਰਨ ਲਈ ਕਿਹਾ ਜਾਵੇਗਾ। 6 ਅੰਕ

ਪ੍ਰਸ਼ਨ ਨੰ: 9 ਪੰਜਾਬੀ ਪਾਠ- ਪੁਸਤਕ ਵਿੱਚੋਂ ਕੋਈ ਸੱਤ ਮੁਹਾਵਰੇ ਦੇ ਕੇ ਕਿਸੇ 5 ਨੂੰ ਵਾਕਾਂ ਵਿੱਚ ਵਰਤਣ / ਲਈ ਕਿਹਾ ਜਾਵੇਗਾ। 5x2=10 ਅੰਕ

## ਆਂਤਰਿਕ ਮੁਲਾਂਕਣ: 20 ਅੰਕ

**ਆਂਤਰਿਕ ਮੁਲਾਂਕਣ ਦੀਆਂ ਹਿਦਾਇਤਾਂ ਅਤੇ ਅੰਕ-ਵੰਡ**

| ਲੜੀ ਨੰ. | ਆਂਤਰਿਕ ਮੁਲਾਂਕਣ ਦੀ ਰੂਪ-ਰੇਖਾ | ਅੰਕ |
|---|---|---|
| 1. | **ਪ੍ਰੋਜੈਕਟ:**<br>ਪੰਜਾਬੀ ਲੋਕ-ਸਾਹਿਤ ਵਾਲੇ ਭਾਗ ਵਿਸ਼ਾ-ਸਮੱਗਰੀ ਨਾਲ ਸੰਬੰਧਿਤ ਹੇਠ ਲਿਖੇ ਪ੍ਰੋਜੈਕਟ ਬਣਾ ਕੇ ਸੰਬੰਧਿਤ ਵਿਸ਼ਾ-ਅਧਿਆਪਕ ਕੋਲ ਮੁਲਾਂਕਣ ਲਈ ਜਮ੍ਹਾਂ ਕਰਵਾਏ ਜਾਣਗੇ:<br>1. 02 ਚਾਰਟ<br>2. 01 ਸਕਰੈਪ-ਬੁੱਕ (ਸੰਬੰਧਿਤ ਵਿਸ਼ੇ ਨਾਲ ਸੰਬੰਧਿਤ ਤਸਵੀਰਾਂ ਆਦਿ ਦੀ ਸਮਗਰੀ ਵਾਲੀ)<br>3. 01 ਮਾਡਲ ਦਾ ਨਿਰਮਾਣ | 10 ਅੰਕ(2+4+4)<br>2 ਅੰਕ<br>4 ਅੰਕ<br>4 ਅੰਕ |
| 2. | **ਭਾਸ਼ਾਈ ਸਮਰੱਥਾ** (ਸ਼ੁੱਧ ਉਚਾਰਨ/ਬੋਲਣ-ਯੋਗਤਾ):<br>ਨਿਰਧਾਰਿਤ ਵਿਸ਼ਾ-ਪੁਸਤਕ ਦੇ ਪੰਜਾਬੀ ਭਾਸ਼ਾ ਹੁਨਰ ਨਾਲ ਸੰਬੰਧਿਤ | 03 ਅੰਕ |
| 3. | **ਭਾਸ਼ਾਈ ਸਮਰੱਥਾ** (ਸਰਵਣ/ਸੁਣਨ-ਯੋਗਤਾ):<br>ਨਿਰਧਾਰਿਤ ਵਿਸ਼ਾ-ਪੁਸਤਕ ਦੇ ਪੰਜਾਬੀ ਭਾਸ਼ਾ ਹੁਨਰ ਨਾਲ ਸੰਬੰਧਿਤ | 02 |
| 4. | **ਭਾਸ਼ਾਈ ਸਮਰੱਥਾ** (ਸ਼ੁੱਧ ਪੜ੍ਹਨ-ਯੋਗਤਾ):<br>ਨਿਰਧਾਰਿਤ ਵਿਸ਼ਾ-ਪੁਸਤਕ ਦੇ ਪੰਜਾਬੀ ਭਾਸ਼ਾ ਹੁਨਰ ਨਾਲ ਸੰਬੰਧਿਤ | 03 |
| 5. | **ਪੁਸਤਕ-ਬੈਂਕ/ਬੁੱਕ-ਬੈਂਕ:**<br>ਸੰਬੰਧਿਤ ਵਿਸ਼ੇ ਦੀਆਂ ਪੁਸਤਕਾਂ ਦੇ ਬੁੱਕ-ਬੈਂਕ ਵਿੱਚ ਯੋਗਦਾਨ ਪਾਉਣ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿੱਚ ਕਿਰਿਆਸ਼ੀਲ ਭੂਮਿਕਾ ਨਿਭਾਉਣ ਦੇ ਆਧਾਰ 'ਤੇ ਇਹ ਅੰਕ ਸੰਬੰਧਿਤ ਵਿਸ਼ਾ-ਅਧਿਆਪਕ ਵੱਲੋਂ ਦਿੱਤੇ ਜਾਣਗੇ। | 02 |
| | ਕੁੱਲ ਅੰਕ | 20 |

**ਪੰਜਾਬ ਸਕੂਲ ਸਿੱਖਿਆ ਬੋਰਡ** ਵੱਲੋਂ **ਨਿਰਧਾਰਿਤ ਪਾਠ-ਪੁਸਤਕ:**
**ਲਾਜ਼ਮੀ ਪੰਜਾਬੀ-11**

Scanned by CamScanner